1778/C

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਕਾਲਜ ਸੈਕਸ਼ਨ**

ਨੰ: 98 ਸ-4/ਕਾਲਜਾਂ
ਮਿਤੀ 16/4/26

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ

ਵਿਸ਼ਾ: ਕਾਲਜਾਂ ਵਿਖੇ ਯੂਨੀਵਰਸਿਟੀ ਦੀ ਬਿਨਾਂ ਪੂਰਵ ਪ੍ਰਵਾਨਗੀ ਦੇ ਕਿਸੇ ਵੀ ਕੋਰਸ/ਵਿਸ਼ੇ ਵਿਚ ਕੀਤੇ ਗਏ ਦਾਖਲਿਆਂ ਦੇ ਜੁਰਮਾਨੇ ਸਬੰਧੀ।

ਉਕਤ ਵਿਸ਼ੇ ਸਬੰਧੀ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਵਲੋਂ ਮਿਤੀ 25-2-2026 ਨੂੰ ਹੋਈ ਇਕੱਤਰਤਾ ਵਿਚ ਲਏ ਗਏ ਫੈਸਲੇ ਦੀ ਲੋਅ ਵਿਚ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ:-

(i) ਜੇਕਰ ਕਿਸੇ ਕਾਲਜ ਵਲੋਂ ਯੂਨੀਵਰਸਿਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਆਪਣੇ ਪੱਧਰ ਤੇ ਕਿਸੇ ਵੀ ਪ੍ਰੋਗਰਾਮ/ਕੋਰਸ ਵਿਚ ਦਾਖਲੇ ਕੀਤੇ ਜਾਂਦੇ ਹਨ ਤਾਂ ਇਸ ਸਬੰਧੀ ਘੱਟੋ-ਘੱਟ ਤਿੰਨ ਲੱਖ ਰੁਪਏ ਪ੍ਰਤੀ ਪ੍ਰੋਗਰਾਮ ਜਾਂ ਪੰਜ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਪ੍ਰੋਗਰਾਮ ਦੀ ਦਰ ਨਾਲ (ਜੋ ਵੀ ਵੱਧ ਹੋਵੇ) ਜੁਰਮਾਨਾ ਰਾਸ਼ੀ ਵਸੂਲੀ ਜਾਵੇਗੀ।

(ii) ਕਾਲਜ ਵਿਖੇ ਕਿਸੇ ਵੀ ਇਕ ਵਿਸ਼ੇ ਵਿਚ ਵਿਦਿਆਰਥੀਆਂ ਨੂੰ ਦਾਖਲ ਕਰਨ ਦੀ ਸੂਰਤ ਵਿਚ ਘੱਟੋ-ਘੱਟ ਇੱਕ ਲੱਖ ਰੁਪਏ ਪ੍ਰਤੀ ਵਿਸ਼ਾ ਜਾਂ ਪੰਜ ਹਜ਼ਾਰ ਰੁਪਏ ਪ੍ਰਤੀ ਵਿਸ਼ਾ ਪ੍ਰਤੀ ਵਿਦਿਆਰਥੀ ਦੀ ਦਰ ਨਾਲ (ਜੋ ਵੀ ਵੱਧ ਹੋਵੇ) ਜੁਰਮਾਨਾ ਵਸੂਲਿਆ ਜਾਵੇ।

(iii) ਵਿਦਿਆਰਥੀਆਂ ਦੇ ਹਿਤਾਂ ਲਈ ਯੂਨੀਵਰਸਿਟੀ ਵੱਲੋਂ ਬਣਾਏ ਨਿਯਮਾਂ ਦੀ ਕਾਲਜਾਂ ਵੱਲੋਂ ਉਲੰਘਣਾ ਨੂੰ ਰੋਕਣ ਹਿਤ ਕਿਸੇ ਕਾਲਜ ਵੱਲੋਂ ਜੁਰਮਾਨਾ ਨਾ ਭਰਵਾਏ ਜਾਣ ਦੀ ਸੂਰਤ ਵਿਚ ਅਗਾਮੀ ਸੈਸ਼ਨ ਤੋਂ ਕਾਲਜ ਵਿਖੇ ਯੂਨੀਵਰਸਿਟੀ ਅਧੀਨ ਚੱਲਦੇ ਸਮੂਹ ਪ੍ਰੋਗਰਾਮਾਂ ਵਿਚ ਦਾਖਲਿਆਂ ਤੇ ਰੋਕ ਲਗਾ ਦਿੱਤੀ ਜਾਵੇਗੀ।

(iv) ਉਕਤ ਅਨੁਸਾਰ ਪੱਤਰ ਜਾਰੀ ਹੋਣ ਤੋਂ ਪਹਿਲਾਂ ਜੇਕਰ ਕੋਈ ਕਾਲਜ ਉਸ ਜੁਰਮਾਨਿਆਂ ਸੰਬੰਧੀ ਪਹਿਲਾਂ ਤੋਂ ਜਾਰੀ ਹੋ ਚੁੱਕੇ ਪੱਤਰਾਂ ਦੀ ਲੋਅ ਵਿਚ ਜੁਰਮਾਨਾ ਭਰਵਾ ਦਿੰਦਾ ਹੈ, ਤਾਂ ਉਸ ਦੇ ਜੁਰਮਾਨੇ ਦੀ ਉਕਤ ਅਨੁਸਾਰ ਦੁਬਾਰਾ ਤੋਂ ਗਣਨਾ ਕਰਕੇ ਭਰਵਾਉਣ ਦੀ ਲੋੜ ਨਹੀਂ ਹੋਵੇਗੀ।

15/04/2026.

ਡੀਨ, ਕਾਲਜ ਵਿਕਾਸ ਕੌਂਸਲ